# ਪ੍ਰਧਾਨ ਮੰਤਰੀ ਨੇ ਐਚ.ਈ. ਪ੍ਰਵਿੰਦ ਕੁਮਾਰ ਜੁਗਨਾਥ, ਮਾਰੀਸ਼ਸ ਦੇ ਪ੍ਰਧਾਨ ਮੰਤਰੀ ਨਾਲ ਕੀਤੀ ਮੁਲਾਕਾਤ

08 ਸਤੰਬਰ, 2023

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਐਚ.ਈ. ਸ਼੍ਰੀ ਪ੍ਰਵਿੰਦ ਕੁਮਾਰ ਜੁਗਨਾਥ, ਮਾਰੀਸ਼ਸ ਦੇ ਪ੍ਰਧਾਨ ਮੰਤਰੀ,ਨਾਲ 8 ਸਤੰਬਰ 2023 ਨੂੰ ਦਿੱਲੀ ਵਿੱਚ G20 ਸਿਖਰ ਸੰਮੇਲਨ ਦੇ ਮੌਕੇ ਤੇ ਮੁਲਾਕਾਤ ਕੀਤੀ।

ਪ੍ਰਧਾਨ ਮੰਤਰੀ ਜੁਗਨਾਥ ਨੇ 'ਮਹਿਮਾਨ ਦੇਸ਼' ਵਜੋਂ ਜੀ-20 ਫਾਰਮੈਟ ਵਿੱਚ ਹਿੱਸਾ ਲੈਣ ਲਈ ਮਾਰੀਸ਼ਸ ਨੂੰ ਦਿੱਤੇ ਗਏ ਵਿਸ਼ੇਸ਼ ਸੱਦੇ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ। ਪ੍ਰਧਾਨ ਮੰਤਰੀ ਨੇ ਭਾਰਤ ਦੀ ਪ੍ਰਧਾਨਗੀ ਹੇਠ ਵੱਖ-ਵੱਖ ਕਾਰਜ ਸਮੂਹਾਂ ਅਤੇ ਜੀ-20 ਦੀਆਂ ਮੰਤਰੀ ਪੱਧਰੀ ਮੀਟਿੰਗਾਂ ਵਿੱਚ ਮਾਰੀਸ਼ਸ ਦੀ ਸਰਗਰਮ ਭਾਗੀਦਾਰੀ ਦੀ ਸ਼ਲਾਘਾ ਕੀਤੀ।

ਦੋਵਾਂ ਨੇਤਾਵਾਂ ਨੇ ਦੋਹਾਂ ਦੇਸ਼ਾਂ ਦਰਮਿਆਨ ਕੂਟਨੀਤਕ ਸਬੰਧਾਂ ਦੀ 75ਵੀਂ ਵਰ੍ਹੇਗੰਢ ਦੇ ਸਮਾਰੋਹ ਦੇ ਨਾਲ-ਨਾਲ ਜੀ-20 ਮੀਟਿੰਗਾਂ 'ਤੇ ਖੁਸ਼ੀ ਪ੍ਰਗਟਾਈ। ਦੋਹਾਂ ਨੇਤਾਵਾਂ ਨੇ ਭਾਰਤ ਅਤੇ ਮਾਰੀਸ਼ਸ ਦਰਮਿਆਨ ਬਹੁ-ਪੱਖੀ ਦੁਵੱਲੇ ਸਹਿਯੋਗ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਪਿਛਲੇ ਸਾਲ 30 ਤੋਂ ਵੱਧ ਵਫ਼ਦਾਂ ਦੇ ਦੌਰਿਆਂ ਅਤੇ 23 ਦੁਵੱਲੇ ਸਮਝੌਤਿਆਂ 'ਤੇ ਹਸਤਾਖਰ ਕਰਨ ਦੇ ਨਾਲ ਦੁਵੱਲੇ ਆਦਾਨ-ਪ੍ਰਦਾਨ ਦੀ ਤੇਜ਼ ਰਫ਼ਤਾਰ ਨੂੰ ਨੋਟ ਕੀਤਾ।

ਪ੍ਰਧਾਨ ਮੰਤਰੀ ਜੁਗਨਾਥ ਨੇ ਚੰਦਰਯਾਨ-3 ਮਿਸ਼ਨ ਦੀ ਸਫਲਤਾ 'ਤੇ ਪ੍ਰਧਾਨ ਮੰਤਰੀ ਨੂੰ ਵਧਾਈ ਦਿੱਤੀ ਅਤੇ ਪੁਲਾੜ ਖੇਤਰ ਵਿੱਚ ਦੋਵਾਂ ਪੱਖਾਂ ਦਰਮਿਆਨ ਹੋਰ ਸਹਿਯੋਗ ਦੀ ਉਮੀਦ ਜਤਾਈ।

**ਨਵੀਂ ਦਿੱਲੀ,**
**08 ਸਤੰਬਰ, 2023**